Downloaded From: http://ctet.nic.in

This booklet contains 20 pages.
इस पुस्तिका में 20 पृष्ठ हैं ।

# JP-2-15

## PAPER II / प्रश्न-पत्र II
## Punjabi Language Supplement
## पंजाबी भाषा परिशिष्ट
PART IV & V / भाग IV & V

Test Booklet Code
परीक्षा पुस्तिका संकेत

**P**

Test Booklet No.
परीक्षा पुस्तिका संख्या

608305

**Do not open this Test Booklet until you are asked to do so.**
**इस परीक्षा पुस्तिका को तब तक न खोलें जब तक कहा न जाए ।**
**Read carefully the Instructions on the Back Cover (Page 19 & 20) of this Test Booklet.**
**इस परीक्षा पुस्तिका के पिछले आवरण (पृष्ठ 19 व 20)पर दिए निर्देशों को ध्यान से पढ़ें ।**

**For instructions in Punjabi see Page 2 of this Booklet. / पंजाबी में निर्देशों के लिए इस पुस्तिका का पृष्ठ 2 देखें ।**

### *INSTRUCTIONS FOR CANDIDATES*

1. This booklet is a supplement to the Main Test Booklet for those candidates who wish to answer **EITHER** Part IV (Language I) **OR** Part V (Language II) in **PUNJABI** language, but **NOT BOTH**.
2. Candidates are required to answer Part I and Part II **OR** III from the Main Test Booklet and Parts IV and V from the languages chosen by them.
3. Questions on English and Hindi languages for Part IV and Part V have been given in the Main Test Booklet. Language Supplements can be asked for separately.
4. Use **Blue / Black Ball Point Pen only** for writing particulars on this page / marking responses in the Answer Sheet.
5. The CODE for this Language Booklet is **P**. Make sure that the CODE printed on **Side-2** of the Answer Sheet and on your Main Test Booklet is the same as that on this Language Supplement Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **two** Parts, IV and V, consisting of **60** Objective Type Questions, each carrying 1 mark :
   Part-IV : Language I - (Punjabi) (Q. 91 to Q. 120)
   Part-V : Language II - (Punjabi) (Q. 121 to Q. 150)
7. Part-IV contains 30 questions for Language-I and Part-V contains 30 questions for Language-II. In this Test Booklet, only questions pertaining to Punjabi language have been given. **In case the language/s you have opted for as Language-I and/or Language-II is a language other than Punjabi, please ask for a Test Booklet that contains questions on that language. The languages being answered must tally with the languages opted for in your Application Form.**
8. **Candidates are required to attempt questions in Part -V (Language-II) in a language other than the one chosen as Language-I (in Part-IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

### *परीक्षार्थियों के लिए निर्देश*

1. यह पुस्तिका मुख्य परीक्षा पुस्तिका की एक परिशिष्ट है, उन परीक्षार्थियों के लिए जो **या** तो भाग IV (भाषा I) **या** भाग V (भाषा II) **पंजाबी** भाषा में देना चाहते हैं, लेकिन **दोनों नहीं** ।
2. परीक्षार्थी भाग I एवं भाग II **या** III के उत्तर मुख्य परीक्षा पुस्तिका से दें और भाग IV व V के उत्तर उनके द्वारा चुनी भाषाओं से ।
3. अंग्रेज़ी व हिन्दी भाषा पर प्रश्न मुख्य परीक्षा पुस्तिका में भाग IV व भाग V के अन्तर्गत दिए गए हैं । भाषा परिशिष्टों को आप अलग से माँग सकते हैं ।
4. इस पृष्ठ पर विवरण अंकित करने एवं उत्तर पत्र पर निशान लगाने के लिए **केवल नीले/काले बॉल पॉइंट पेन** का प्रयोग करें ।
5. इस भाषा पुस्तिका का **संकेत** है **P** । यह सुनिश्चित कर लें कि इस भाषा परिशिष्ट पुस्तिका का संकेत, उत्तर पत्र के **पृष्ठ-2** एवं मुख्य परीक्षा पुस्तिका पर छपे संकेत से मिलता है । अगर यह भिन्न हो तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ ।
6. इस परीक्षा पुस्तिका में **दो** भाग IV और V हैं, जिनमें **60** वस्तुनिष्ठ प्रश्न हैं, जो प्रत्येक 1 अंक का है :
   भाग-IV : भाषा I - (पंजाबी) (प्र. 91 से प्र. 120)
   भाग-V : भाषा II - (पंजाबी) (प्र. 121 से प्र. 150)
7. भाग-IV में भाषा-I के लिए 30 प्रश्न और भाग-V में भाषा-II के लिए 30 प्रश्न दिए गए हैं । इस परीक्षा पुस्तिका में केवल पंजाबी भाषा से संबंधित प्रश्न दिए गए हैं । **यदि भाषा-I और/या भाषा-II में आपके द्वारा चुनी गई भाषा(एँ) पंजाबी के अलावा है तो कृपया उस भाषा वाली परीक्षा पुस्तिका माँग लीजिए । जिन भाषाओं के प्रश्नों के उत्तर आप दे रहे हैं वह आवेदन पत्र में चुनी गई भाषाओं से अवश्य मेल खानी चाहिए ।**
8. **परीक्षार्थी भाग-V (भाषा-II) के लिए, भाषा सूची से ऐसी भाषा चुनें जो उनके द्वारा भाषा I (भाग-IV) में चुनी गई भाषा से भिन्न हो ।**
9. रफ कार्य परीक्षा पुस्तिका में इस प्रयोजन के लिए दी गई खाली जगह पर ही करें ।
10. सभी उत्तर केवल OMR उत्तर पत्र पर ही अंकित करें । अपने उत्तर ध्यानपूर्वक अंकित करें । उत्तर बदलने हेतु श्वेत रंजक का प्रयोग निषिद्ध है ।

Name of the Candidate (in Capitals) : ______________________
परीक्षार्थी का नाम (बड़े अक्षरों में) :
Roll Number : in figures ______________________
अनुक्रमांक : (अंकों में)
: in words ______________________
: (शब्दों में)
Centre of Examination (in Capitals) : ______________________
परीक्षा केन्द्र (बड़े अक्षरों में) :
Candidate's Signature : ______________ Invigilator's Signature : ______________
परीक्षार्थी के हस्ताक्षर : निरीक्षक के हस्ताक्षर :
Facsimile signature stamp of
Centre Superintendent ______________________

SEAL

P P

Downloaded From: http://ctet.nic.in

Downloaded From: http://ctet.nic.in



ਇਸ ਪੁਸਤਿਕਾ ਵਿੱਚ 20 ਪੰਨੇ ਹਨ ।

# JP-2-15

## ਪੇਪਰ II
## ਪੰਜਾਬੀ ਭਾਸ਼ਾ ਪੂਰਕ
## ਭਾਗ IV & V

ਪਰੀਖਿਆ ਪੁਸਤਿਕਾ ਸੰਕੇਤ

**P**

**ਇਸ ਪਰੀਖਿਆ-ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ ।**
**ਇਸ ਪਰੀਖਿਆ-ਪੁਸਤਿਕਾ ਦੇ ਪਿੱਛਲੇ ਪੰਨੇ (19 & 20) ਤੇ ਦਿੱਤੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ।**

***ਪਰੀਖਿਆਰਥੀਆਂ ਲਈ ਨਿਰਦੇਸ਼ :***

1. ਇਹ ਪੁਸਤਿਕਾ ਮੁੱਖ ਪ੍ਰਸ਼ਨ-ਪੁਸਤਿਕਾ ਦੀ ਇੱਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ ਜਾਂ ਤਾਂ ਭਾਗ IV (ਭਾਸ਼ਾ I) ਜਾਂ ਭਾਗ V (ਭਾਸ਼ਾ II) ਪੰਜਾਬੀ ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ ਦੋਨਾਂ ਵਿੱਚ ਨਹੀਂ ।
2. ਪਰੀਖਿਆਰਥੀ ਭਾਗ I ਅਤੇ ਭਾਗ II ਜਾਂ III ਦੇ ਉੱਤਰ ਮੁੱਖ ਪਰੀਖਿਆ-ਪੁਸਤਿਕਾ ਵਿੱਚੋਂ ਦੇਣ ਅਤੇ ਭਾਗ IV ਅਤੇ V ਦੇ ਉੱਤਰ ਉਨ੍ਹਾਂ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ ।
3. ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਦਿੱਤੇ ਪ੍ਰਸ਼ਨ ਮੁੱਖ ਪਰੀਖਿਆ-ਪੁਸਤਿਕਾ ਵਿੱਚ ਭਾਗ IV ਅਤੇ ਭਾਗ V ਵਿੱਚ ਦਿੱਤੇ ਗਏ ਹਨ । ਪੂਰਕ ਭਾਸ਼ਾ ਲਈ ਤੁਸੀਂ ਅਲਗ ਤੋਂ ਮੰਗ ਸਕਦੇ ਹੋਂ ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ ਉੱਤਰ-ਪੱਤਰ ਤੇ ਨਿਸ਼ਾਨ ਲਗਾਉਣ ਲਈ ਕੇਵਲ ਨੀਲੇ/ਕਾਲੇ ਬਾਲ ਪੁਆਇੰਟ ਪੈੱਨ ਦਾ ਹੀ ਇਸਤੇਮਾਲ ਕਰੋ ।
5. ਇਸ ਭਾਸ਼ਾ-ਪੁਸਤਿਕਾ ਦਾ **ਸੰਕੇਤ** ਹੈ **P.** ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ-ਪੁਸਤਿਕਾ ਦਾ ਸੰਕੇਤ, ਉੱਤਰ-ਪੱਤਰ ਦੇ ਪੰਨਾ-2 ਅਤੇ ਮੁੱਖ ਪਰੀਖਿਆ-ਪੁਸਤਿਕਾ ਉੱਤੇ ਛਪੇ ਸੰਕੇਤ ਨਾਲ ਮਿਲਦਾ ਹੈ । ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ ਭਾਸ਼ਾ ਦੀ ਦੂਜੀ ਪਰੀਖਿਆ-ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੋ ।
6. ਇਸ ਪਰੀਖਿਆ-ਪੁਸਤਿਕਾ ਵਿੱਚ ਦੋ ਭਾਗ IV ਅਤੇ V ਹਨ, ਜਿਸ ਵਿੱਚ 60 ਵਸਤੂਪਰਕ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ :
   ਭਾਗ IV : ਭਾਸ਼ਾ I – (ਪੰਜਾਬੀ) *(ਪ੍ਰ. 91 ਤੋਂ ਪ੍ਰ. 120)*
   ਭਾਗ V : ਭਾਸ਼ਾ II – (ਪੰਜਾਬੀ) *(ਪ੍ਰ. 121 ਤੋਂ ਪ੍ਰ. 150)*
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ ਵੀ 30 ਪ੍ਰਸ਼ਨ ਦਿੱਤੇ ਗਏ ਹਨ । ਇਸ ਪਰੀਖਿਆ-ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ । ਅਗਰ ਭਾਸ਼ਾ I ਅਤੇ/ਜਾਂ II ਵਿੱਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ (ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ ਆਪਣੀ ਚੁਣੀ ਭਾਸ਼ਾ ਵਾਲੀ ਪਰੀਖਿਆ-ਪੁਸਤਿਕਾ ਮੰਗ ਲਓ । ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦੀਆਂ ਹਨ ।
8. ਪਰੀਖਿਆਰਥੀ ਭਾਗ V (ਭਾਸ਼ਾ II) ਲਈ, ਭਾਸ਼ਾ ਸੂਚੀ ਵਿੱਚੋਂ ਅਜਿਹੀ ਭਾਸ਼ਾ ਚੁਣੇ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ ।
9. ਪ੍ਰਸ਼ਨ-ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੰਮ ਕਰੋ ।
10. ਸਾਰੇ ਉੱਤਰ ਕੇਵਲ ਓ.ਐੱਮ.ਆਰ. (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ । ਆਪਣੇ ਉੱਤਰਾਂ ਤੇ ਧਿਆਨ ਨਾਲ ਨਿਸ਼ਾਨ ਲਗਾਓ । ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ ।

ਪਰੀਖਿਆਰਥੀ ਦਾ ਨਾਂ (ਵੱਡੇ ਅਖਰਾਂ ਵਿੱਚ) : ______________________

ਰੋਲ ਨੰਬਰ : ਅੰਕਾ ਵਿੱਚ ______________________

: ਸ਼ਬਦਾਂ ਵਿੱਚ ______________________

ਪਰੀਖਿਆ ਕੇਂਦਰ (ਵੱਡੇ ਅਖਰਾਂ ਵਿੱਚ) : ______________________

ਪਰੀਖਿਆਰਥੀ ਦੇ ਦਸਖ਼ਤ : ______________ ਨਿਰੀਖਿਅਕ ਦੇ ਦਸਖਤ : ______________

Facsimile signature stamp of

Centre Superintendent : ______________________

Downloaded From: http://ctet.nic.in

Downloaded From: http://ctet.nic.in



ਪਰੀਖਿਆਰਥੀ ਹੇਠ ਲਿਖੇ ਭਾਗ ਦੇ ਪ੍ਰਸ਼ਨਾਂ ਦੇ ਉੱਤਰ ਕੇਵਲ ਤਾਂ ਹੀ ਦੇਵੇ ਜੇਕਰ ਉਸਨੇ **ਭਾਸ਼ਾ** – I ਦਾ ਵਿਕਲਪ **ਪੰਜਾਬੀ** ਚੁਣਿਆ ਹੈ ।

Downloaded From: http://ctet.nic.in

Downloaded From: http://ctet.nic.in



## ਭਾਗ – IV

## ਭਾਸ਼ਾ – I

## ਪੰਜਾਬੀ

**ਨਿਰਦੇਸ** : ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (91 ਤੋਂ 99) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਓ :

ਮੈਂ ਕਈ ਵੱਡੇ ਵੱਡੇ ਕਥੱਕੜ ਦੇਖੇ ਹਨ ਜੋ ਬਾਹਰ ਪੰਡਾਲਾਂ ਵਿਚ ਕਥਾ ਕਰਦਿਆਂ ਜਾਂ ਵਿਖਿਆਨ ਦੇਂਦਿਆਂ, ਲੋਕਾਂ ਨੂੰ ਆਪਣੀ ਸਿਆਣਪ ਤੇ ਵਿਦਿਆ ਦੇ ਚਮਤਕਾਰ ਦੱਸ ਕੇ ਹੈਰਾਨ ਕਰ ਦਿੰਦੇ ਹਨ । ਪਰ, ਜੇ ਕੋਈ ਦੁਖੀਆ ਜਾਂ ਲੋੜਵੰਦ ਉਨ੍ਹਾਂ ਦੇ ਦਰ 'ਤੇ ਜਾ ਖੜੋਵੇ ਤਾਂ ਚਾਰ ਚਾਰ ਘੰਟੇ ਸ਼ਾਇਦ ਮੁਲਾਕਾਤ ਲਈ ਉਡੀਕਣਾ ਪਵੇ ਅਤੇ ਜੇ ਮਿਲਣ ਵੀ ਤਾਂ ਉਨ੍ਹਾਂ ਦਾ ਦਿਲ ਹਮਦਰਦੀ ਨਾਲ ਨਹੀਂ ਪੰਘਰਦਾ, ਅੱਖਾਂ ਨਮੂਦ ਦੀ ਕਬਰ ਵਾਂਗ ਸਦਾ ਸੁੱਕੀਆਂ ਹੀ ਰਹਿੰਦੀਆਂ ਹਨ, ਕਦੀ ਤਰਸ ਜਾਂ ਪਿਆਰ ਨਾਲ ਸੇਜਲ ਨਹੀਂ ਹੋਈਆਂ । ਇਤਨੀ ਕਰੜਾਈ ਦਾ ਕਾਰਨ ? ਕੇਵਲ ਇਹ ਕਿ ਇਹੋ ਜਿਹੇ ਸੱਜਣ ਆਪਣਾ ਸਾਰਾ ਸਮਾਂ ਪੋਥੀਆਂ ਫੋਲਣ, ਲਿਖਣ ਜਾਂ-ਜਿਵੇਂ ਇਕ ਸੱਜਣ ਦੀ ਵਹੁਟੀ ਕਿਹਾ ਕਰਦੀ ਹੈ, 'ਭਾਈ ਹੋਰੀਂ ਆਪਣੀ ਸਾਰੀ ਜ਼ਿੰਦਗੀ ਹੈਂਡ-ਬੈਗ ਨਾਲ ਮੋਟਰਾਂ ਜਾਂ ਗੱਡੀਆਂ ਦੇ ਸਫ਼ਰ ਵਿਚ ਹੀ ਟਪਾ ਛਡਦੇ ਹਨ ।' ਉਨ੍ਹਾਂ ਵਿਚ ਘਰ ਦਾ ਪਿਆਰ ਨਹੀਂ ਹੁੰਦਾ । ਇਸ ਲਈ ਉਨ੍ਹਾਂ ਦੀ ਜ਼ਿੰਦਗੀ ਰਸ ਤੇ ਨਿੱਘ ਤੋਂ ਕੋਰੀ ਜਿਹੀ ਹੁੰਦੀ ਹੈ ।

ਇਹੋ ਜਿਹੇ ਉਪਦੇਸ਼ਕ ਤੇ ਲਿਖਾਰੀ ਵੱਡੇ-ਵੱਡੇ ਗੁਰੂਆਂ ਤੇ ਪੈਗੰਬਰਾਂ ਦੇ ਜੀਵਨ ਵੀ ਆਪਣੇ ਨਮੂਨੇ ਉੱਤੇ ਢਾਲਦੇ ਹੋਏ, ਉਨ੍ਹਾਂ ਮਹਾਂ-ਪੁਰਖਾਂ ਨੂੰ ਵੀ ਆਪਣੇ ਜਿਹੇ ਕੋਰੇ ਤੇ ਘਰੋਗੀ ਪਿਆਰ ਤੋਂ ਸੱਖਣੇ ਬਣਾ ਦਸਦੇ ਹਨ । ਗੁਰੂ ਨਾਨਕ ਸਾਹਿਬ ਦਾ ਜੀਵਨ ਇਉਂ ਦੱਸਦੇ ਹਨ ਕਿ ਜਿਵੇਂ ਉਹ ਕਦੀਂ ਤੋਤਲੀਆਂ ਗੱਲਾਂ ਕਰਨ ਵਾਲੇ ਬਚਪਨ ਵਿਚੋਂ ਲੰਘੇ ਹੀ ਨਹੀਂ ਹੁੰਦੇ । ਬਾਲਪਨ ਤੋਂ ਹੀ ਉਤਨੀਆਂ ਸਿਆਣੀਆਂ ਤੇ ਪਰਮਾਰਥ ਦੀਆਂ ਗੱਲਾਂ ਕਰਦੇ ਹੁੰਦੇ ਸਨ ਜਿਤਨੀਆਂ ਕਿ ਵੱਡੀ ਉਮਰ ਵਿਚ ਉਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿ ਬੱਚਿਆਂ ਦਾ ਭੋਲਾਪਣ, ਅਲਬੇਲੀ ਤਬੀਅਤ, ਭੈਣ-ਭਰਾ ਦਾ ਪਿਆਰ, ਲਾਡ ਤੇ ਰੁਸੇਵੇਂ ਮਹਾਂਪੁਰਖਾਂ ਦੀ ਬਣਤਰ ਲਈ ਉਤਨੇ ਹੀ ਜ਼ਰੂਰੀ ਹਨ, ਜਿਤਨੇ ਕਿ ਆਮ ਮਨੁੱਖਾਂ ਲਈ । ਇਸ ਤਜਰਬੇ ਵਿਚੋਂ ਲੰਘਣ ਨਾਲ ਖ਼ਿਆਲਾਂ, ਵਲਵਲਿਆਂ ਤੇ ਅਮਲਾਂ ਦੀ ਉਸਾਰੀ ਕੁਦਰਤੀ ਤੌਰ 'ਤੇ ਹੁੰਦੀ ਹੈ । ਜਿਨ੍ਹਾਂ ਦੀ ਜ਼ਿੰਦਗੀ ਸਾਧਾਰਨ ਬਣਨੀ ਹੁੰਦੀ ਹੈ, ਉਨ੍ਹਾਂ ਨੂੰ ਬਚਪਨ ਦਾ ਇਹ ਤਜਰਬਾ, ਸੰਸਾਰ ਦੇ ਆਮ ਕੰਮਾਂ ਲਈ ਤਿਆਰ ਕਰਦਾ ਹੈ ਅਤੇ ਜਿਨ੍ਹਾਂ ਨੇ ਪੂਰਨਤਾ ਪ੍ਰਾਪਤ ਕਰਨੀ ਹੁੰਦੀ ਹੈ, ਉਨ੍ਹਾਂ ਲਈ ਘਰ ਦਾ ਪਿਆਰ, ਮਾਪਿਆਂ ਤੋਂ ਉਦਰੇਵਾਂ ਤੇ ਰੋਸਾ, ਭੈਣਾਂ ਦਾ ਥਾਂ ਥਾਂ 'ਤੇ ਵੀਰ ਨੂੰ ਵਰਾਉਣਾ ਇਕ ਅਜਿਹਾ ਚੌਗਿਰਦਾ ਬਣਾ ਰੱਖਦਾ ਹੈ, ਜਿਸ ਤੋਂ ਉਨ੍ਹਾਂ ਦੇ ਵਲਵਲੇ ਉੱਚੇ ਸਾਈਂ ਦੇ ਪਿਆਰ ਵੱਲ ਪ੍ਰੇਰੇ ਜਾਂਦੇ ਹਨ ਅਤੇ ਸਿੱਕਾਂ ਸਿੱਕਣ ਤੇ ਕੁਰਬਾਨੀਆਂ ਕਰਨ ਦੀ ਜਾਚ ਆਉਂਦੀ ਹੈ ।

**91.** ਲੇਖਕ ਨੇ ਕਥਾ ਕਰਨ ਵਾਲਿਆਂ ਦੀਆਂ ਅੱਖਾਂ ਦੀ ਤੁਲਣਾ ਕਿੰਨ੍ਹਾਂ ਨਾਲ ਕੀਤੀ ਹੈ ?

(1) ਬੱਚਿਆਂ ਦੀਆਂ ਅੱਖਾਂ ਨਾਲ

(2) ਪੈਗੰਬਰ ਦੀਆਂ ਅੱਖਾਂ ਨਾਲ

(3) ਨਮੂਦ ਦੀ ਕਬਰ ਨਾਲ

(4) ਪੋਥੀਆਂ ਨਾਲ

**92.** ਕਥਾਕਾਰਾਂ ਦਾ ਘਰ ਪ੍ਰਤੀ ਕੀ ਨਜ਼ਰੀਆ ਹੁੰਦਾ ਹੈ ?

(1) ਉਹ ਘਰ ਨੂੰ ਪਿਆਰ ਨਹੀਂ ਕਰਦੇ

(2) ਉਹ ਸਫ਼ਰ ਦੌਰਾਨ ਘਰ ਬਾਰੇ ਸੋਚਦੇ ਰਹਿੰਦੇ ਹਨ

(3) ਉਹ ਘਰ ਲਈ ਕੁਰਬਾਨ ਹੋ ਜਾਂਦੇ ਹਨ

(4) ਇਨ੍ਹਾਂ 'ਚੋਂ ਕੋਈ ਵੀ ਨਹੀਂ

Downloaded From: http://ctet.nic.in

Downloaded From: http://ctet.nic.in



93. ਉਪਰੋਕਤ ਪੈਰੇ ਵਿਚ ਵਰਤੇ ਗਏ ਸ਼ਬਦ 'ਉਦਰੇਵਾਂ' 'ਤੋਂ ਕੀ ਭਾਵ ਹੈ ?

(1) ਉਦਾਸੀ

(2) ਲਹਿਰ

(3) ਖ਼ੁਸ਼ੀ

(4) ਉਤਿਸ਼ਾਹਿਤ

94. ਕਿਸੇ ਲੋੜਵੰਦ ਦੇ ਆਉਣ 'ਤੇ ਕਥਾਕਾਰ ਦਾ ਕੀ ਰਵੱਈਆ ਹੁੰਦਾ ਹੈ ?

(1) ਉਨ੍ਹਾਂ ਵਲ ਹਮਦਰਦੀ ਪ੍ਰਗਟਾਉਂਦੇ ਹਨ

(2) ਉਨ੍ਹਾਂ ਦੀ ਮਦਦ ਕਰਦੇ ਹਨ

(3) ਉਪਰੋਕਤ ਦੋਵੇਂ

(4) ਉਨ੍ਹਾਂ ਦੀ ਪ੍ਰਵਾਹ ਨਹੀਂ ਕਰਦੇ

95. ਉਪਦੇਸ਼ਕ ਤੇ ਲਿਖਾਰੀ ਮਹਾਨ ਸ਼ਖ਼ਸੀਅਤਾਂ ਦੇ ਪ੍ਰਚਾਰ ਸਮੇਂ ਕੀ ਕਰਦੇ ਹਨ ?

(1) ਉਨ੍ਹਾਂ ਦੇ ਬਚਪਨ ਦਾ ਗੁਣਗਾਨ ਕਰਦੇ ਹਨ

(2) ਉਨ੍ਹਾਂ ਦੇ ਘਰੇਲੂ ਜੀਵਨ ਨੂੰ ਅਣਦੇਖਿਆ ਕਰ ਦਿੰਦੇ ਹਨ

(3) ਉਨ੍ਹਾਂ ਦੀਆਂ ਤੋਤਲੀਆਂ ਗੱਲਾਂ ਦਾ ਜ਼ਿਕਰ ਕਰਦੇ ਹਨ

(4) ਉਨ੍ਹਾਂ ਦਾ ਜੀਵਨ ਆਪਣੇ ਅਨੁਸਾਰ ਨਹੀਂ ਢਾਲਦੇ

96. ਪੈਰੇ ਅਨੁਸਾਰ ਧਾਰਮਿਕ ਜੀਵਨ ਦੀ ਸ਼ੁਰੂਆਤ ਕਿੱਥੋਂ ਹੁੰਦੀ ਹੈ ?

(1) ਮੋਟਰਾਂ ਗੱਡੀਆਂ ਦੇ ਸਫ਼ਰ ਤੋਂ

(2) ਪੰਡਾਲਾਂ ਵਿਚ ਕਥਾ ਕਰਨ ਨਾਲ

(3) ਉਪਰੋਕਤ ਦੋਵੇਂ

(4) ਘਰ ਤੋਂ

97. ਪੈਰੇ ਵਿਚ ਵਰਤੇ ਗਏ ਸ਼ਬਦ 'ਕਰੜਾਈ' ਦਾ ਵਿਰੋਧੀ ਸ਼ਬਦ ਦਸੋ ।

(1) ਢਲਾਈ

(2) ਨਰਮਾਈ

(3) ਬੁਰਾਈ

(4) ਦੁਹਾਈ

98. ਉਪਰੋਕਤ ਪੈਰਾ ਕਿਸ ਲੇਖ ਵਿੱਚੋਂ ਲਿਆ ਗਿਆ ਹੈ ?

(1) ਵਾਤਾਵਰਨ ਵਿਚ ਸੁੰਦਰਤਾ

(2) ਘਰ ਦਾ ਪਿਆਰ

(3) ਵਿਹਲੀਆਂ ਗੱਲਾਂ

(4) ਸਿਆਣਪ

99. ਇਸ ਪੈਰੇ ਦੇ ਲੇਖਕ ਦਾ ਨਾਂ ਦੱਸੋ ?

(1) ਜਨਮੇਜਾ ਸਿੰਘ

(2) ਗੁਰਬਖ਼ਸ਼ ਸਿੰਘ ਪ੍ਰੀਤਲੜੀ

(3) ਗੁਰਬਚਨ ਸਿੰਘ ਭੁੱਲਰ

(4) ਪ੍ਰਿੰਸੀਪਲ ਤੇਜਾ ਸਿੰਘ

Downloaded From: http://ctet.nic.in

Downloaded From: http://ctet.nic.in



**ਨਿਰਦੇਸ਼** : ਹੇਠ ਲਿਖੇ ਕਾਵਿ-ਟੋਟੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (100 ਤੇ 105) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਓ :

ਲੱਗੀ ਨਜ਼ਰ ਪੰਜਾਬ ਨੂੰ ਏਦ੍ਹੀ ਨਜ਼ਰ ਉਤਾਰੋ

ਲੈ ਕੇ ਮਿਰਚਾਂ ਕੌੜੀਆਂ ਏਦ੍ਹੇ ਸਿਰ ਤੋਂ ਵਾਰੋ

ਸਿਰ ਤੋਂ ਵਾਰੋ, ਵਾਰਕੇ ਅੱਗ ਦੇ ਵਿਚ ਸਾੜੋ,

ਲੱਗੀ ਨਜ਼ਰ ਪੰਜਾਬ ਨੂੰ ਏਦ੍ਹੀ ਨਜ਼ਰ ਉਤਾਰੋ

ਮਿਰਚਾਂ ਜ਼ਹਿਰੋਂ ਕੌੜੀਆਂ ਮਿਰਚਾਂ ਸਿਰ ਸੜੀਆਂ

ਕਿਧਰੋਂ ਲੈਣ ਨਾ ਜਾਣੀਆਂ ਵਿਹੜੇ ਵਿਚ ਬੜੀਆਂ

ਪਹਿਲੀ ਭਰਵੀਂ ਫ਼ਸਲ ਇਨ੍ਹਾਂ ਦੀ ਉੱਦੋਂ ਲੱਗੀ

ਜਦ ਆਪੇ ਪੰਜਾਬੀਆਂ

ਪੰਜਾਬੀ ਛੱਡੀ

100. ਇਨ੍ਹਾਂ ਸਤਰਾਂ ਵਿਚ ਕਵੀ ਬਾਰ-ਬਾਰ ਕਿਸ ਗੱਲ ਉਪਰ ਜੋਰ ਦੇ ਰਿਹਾ ਹੈ ?
(1) ਮਿਰਚਾਂ ਸਿਰ 'ਤੇ ਵਾਰਨ ਉਪਰ
(2) ਫ਼ਸਲ ਉਪਰ
(3) ਉਪਰੋਕਤ ਦੋਵਾਂ ਉਪਰ
(4) ਮਿਰਚਾ ਸਾੜਨ ਉਪਰ

101. ਕਵੀ ਅਨੁਸਾਰ ਮਿਰਚਾਂ ਦੀ ਭਰਵੀਂ ਫ਼ਸਲ ਕਦੋ ਲੱਗੀ ?
(1) ਜਦੋਂ ਪੰਜਾਬੀ ਆਪਣੀ ਮਾਂ-ਬੋਲੀ ਤੋਂ ਮੁਨਕਰ ਹੋ ਗਏ
(2) ਫ਼ਸਲ ਵੱਢਣ ਸਮੇਂ
(3) ਹਾੜੀ ਮੌਕੇ
(4) ਸਾਉਣੀ ਮੌਕੇ

102. ਨਜ਼ਰ ਲੱਗਣੀ ਕੀ ਹੈ ?
(1) ਵਿਸੇਸ਼ਣ
(2) ਸਿੱਠਣੀ
(3) ਲੋਕ-ਵਿਸ਼ਵਾਸ
(4) ਕੀਰਨਾ

103. ਉਪਰੋਕਤ ਸਤਰਾਂ ਵਿਚ ਕਿਹੜੀ ਪ੍ਰਵਿਰਤੀ ਪੇਸ਼ ਹੋਈ ਹੈ ?
(1) ਦੁਖਾਂਤਕ
(2) ਸੁਖਾਂਤਕ
(3) ਨਾਟਕੀ
(4) ਇਨ੍ਹਾਂ 'ਚੋਂ ਕੋਈ ਨਹੀਂ

104. ਮਿਰਚਾਂ ਕਿਥੋਂ ਲਿਆਂਦੀਆਂ ਗਈਆਂ ਹਨ ?
(1) ਖੇਤਾਂ ਵਿਚੋਂ
(2) ਘਰ ਵਿਚ ਹੀ ਬਹੁਤ ਹਨ
(3) ਪੰਜਾਬ ਤੋਂ ਬਾਹਰੋਂ
(4) ਸਬਜੀ ਮੰਡੀ ਵਿਚੋਂ

105. ਉਪਰੋਕਤ ਕਾਵਿ-ਸਤਰਾਂ ਕਿਸ ਕਵੀ ਦੀਆਂ ਹਨ ?
(1) ਵਰਿਆਮ ਮਸਤ
(2) ਜਗਤਾਰ
(3) ਮੋਹਨ ਸਿੰਘ
(4) ਸੁਰਜੀਤ ਪਾਤਰ

Downloaded From: http://ctet.nic.in

Downloaded From: http://ctet.nic.in



**ਨਿਰਦੇਸ਼** : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਓ :

**106.** ਪੜ੍ਹਨ ਸਮੇਂ ਇੱਕਤਰ ਕਰਨ ਦੀ ਮੁਹਾਰਤ (Gathering Skill) ਹੁੰਦੀ ਹੈ

(1) ਨੋਟ ਲੈਣੇ

(2) ਵਿਸ਼ਲੇਸ਼ਣ

(3) ਉਲਝਣ ਹੱਲ ਕਰਨੀ

(4) ਨੋਟ ਬਣਾਉਣੇ

**107.** ਸੁਣਨ ਤੇ ਬੋਲਣ ਦੀ ਮੁਹਾਰਤ ਦੇ ਆਂਕਲਣ ਦੀ ਜਮਾਤ ਦੌਰਾਨ ਇਸ ਵਾਰਤਾਲਾਪ ਨੂੰ ਪੜ੍ਹੋ । ਤੁਸੀਂ ਹਰੇਕ ਵਿਦਿਆਰਥੀ ਨੂੰ ਕਿਵੇ ਪਰਖੋਗੇ ।

ਅਧਿਆਪਕ : ਆਪਣੇ ਦੋਸਤ ਨਾਲ ਆਪਣੀ ਮਨਭਾਉਂਦੀ ਖੇਡ ਬਾਰੇ ਗੱਲਬਾਤ ਕਰੋ

ਵਿਦਿਆਰਥੀ-1 : ਕਿਉਂ ? ਅਸੀਂ ਵਿਚਾਰ ਨਹੀਂ ਕਰ ਸਕਦੇ ?

ਵਿਦਿਆਰਥੀ-2 : ਉ ਕੇ : ਕੀ ਮੈਂ ਉਸ ਨਾਲ ਕਬੱਡੀ ਬਾਰੇ ਗੱਲਬਾਤ ਕਰ ਸਕਦਾ ਹਾਂ ?

(1) ਵਿਦਿਆਰਥੀ ਨੰ : 2 ਠੀਕ ਹੈ, ਵਿਦਿਆਰਥੀ ਨੰ : 1 ਆਪਣਾ ਢੁਕਵਾਂ ਹੁੰਗਾਰਾ ਨਹੀਂ ਭਰ ਸਕਿਆ

(2) ਵਿਦਿਆਰਥੀ ਨੰ : 1 ਠੀਕ ਹੈ, ਵਿਦਿਆਰਥੀ ਨੰ : 2 ਠੀਕ ਹੁੰਗਾਰਾ ਨਹੀਂ ਦੇ ਸਕਿਆ

(3) ਵਿਦਿਆਰਥੀ ਨੰ : 1 ਤੇ 2 ਨੇ ਠੀਕ ਹੁੰਗਾਰਾ ਭਰਿਆ

(4) ਵਿਦਿਆਰਥੀ ਨੰ : 1 ਤੇ 2 ਨੇ ਗ਼ਲਤ ਹੁੰਗਾਰਾ ਭਰਿਆ

**108.** ਖੋਜ ਅਨੁਸਾਰ ਪੜ੍ਹਾਈ 'ਚ ਆਖ਼ਰੀ ਸਫ਼ਲਤਾ ਲਈ ਬੱਚਿਆਂ ਵਾਸਤੇ ਲੋੜੀਂਦੇ ਗਿਆਨ ਵਿਚ ਸਕੂਲ ਤੋਂ ਪਹਿਲਾਂ, ਹੇਠ ਲਿਖਿਆਂ ਵਿਚੋਂ ਕਿਹੜੀ ਇੱਕੋ ਇਕ ਸਭ ਤੋਂ ਵੱਧ ਗ੍ਰਹਿ ਅਧਾਰਿਤ ਐਕਟੀਵਿਟੀ ਹੈ ?

(1) ਬੱਚਿਆਂ ਨੂੰ ਨਰਸਰੀ ਦੀਆਂ ਕਵਿਤਾਵਾਂ ਯਾਦ ਕਰਵਾਉਣੀਆਂ

(2) ਪਰਿਵਾਰਾਂ 'ਚ ਸਕੂਲ ਬਾਰੇ ਗੱਲਬਾਤ

(3) ਮਾਪਿਆਂ ਦੁਆਰਾ ਬੱਚਿਆਂ ਸਾਹਮਣੇ ਉੱਚੀ ਪੜ੍ਹਨਾ

(4) ਮਾਪਿਆਂ ਵਲੋਂ ਪੈਂਤੀ ਸਿਖਾਉਣੀ

**109.** ਇਕ ਵਿਦਿਆਰਥੀ ਪੜ੍ਹਦੇ ਸਮੇਂ ਜਦੋਂ ਉੱਚੀ ਅਵਾਜ ਵਿਚ ਛਪੇ ਹੋਏ ਸ਼ਬਦ ਲਈ ਉਹੋ ਜਿਹੇ ਅਰਥ ਵਾਲੇ ਸ਼ਬਦ ਦਾ ਕੋਈ ਬਦਲ ਦੇਵੇ, ਤਾਂ ਅਧਿਆਪਕ ਦੀ ਸਭ ਤੋਂ ਵੱਧ ਢੁੱਕਵੀਂ ਪ੍ਰਤੀਕਿਰਿਆ ਕੀ ਹੋਣੀ ਚਾਹੀਦੀ ਹੈ ?

(1) ਵਿਦਿਆਰਥੀ ਨੂੰ ਸ਼ਬਦ ਦੁਬਾਰਾ ਠੀਕ ਢੰਗ ਨਾਲ ਪੜ੍ਹਨ ਲਈ ਕਹਿਣਾ

(2) ਵਿਦਿਆਰਥੀ ਨੂੰ ਪੜ੍ਹਨਾ ਜਾਰੀ ਰੱਖਣ ਵਾਸਤੇ ਕਹਿਣਾਂ

(3) ਸ਼ਬਦ ਦਾ ਠੀਕ ਉਚਾਰਨ ਕਰਕੇ ਗ਼ਲਤੀ ਸੁਧਾਰਨੀ

(4) ਦੋਵੇਂ ਸ਼ਬਦ ਲਿਖ ਕੇ ਵਿਦਿਆਰਥੀ ਨੂੰ ਪਾਠ ਵਿਚਲੇ ਸ਼ਬਦ ਦੀ ਪਛਾਣ ਕਰਨ ਲਈ ਕਹਿਣਾ

Downloaded From: http://ctet.nic.in

Downloaded From: http://ctet.nic.in



110. ਪਹਿਲਾਂ ਸਥਾਪਤ ਸ਼ੈਲੀ ਦੀ ਨਕਲ ਦਾ ਵਿਰੋਧ ਕਰਦਿਆਂ ਮੌਲਿਕ ਸ਼ੈਲੀ ਵਿਚ ਲਿਖਣ ਨੂੰ ਕਹਿੰਦੇ ਹਨ ________

(1) ਗ਼ਲਪ

(2) ਵਾਰਤਾਲਾਪ (ਨਾਟਕ ਲਈ)

(3) ਸਿਰਜਨਾਤਮਕ

(4) ਚਿੱਠੀ

111. ਸਿੱਖਿਆ ਦੇ ਕਿਹੜੇ ਖੇਤਰ ਵਿਚ ਉੱਚ ਪੱਧਰ ਦੀ ਵਿਚਾਰ ਸ਼ਾਮਲ ਹੁੰਦੀ ਹੈ

(1) ਯਾਦ ਕਰਨਾ

(2) ਸੂਝ-ਬੂਝ

(3) ਮੁਲਾਂਕਣ

(4) ਪ੍ਰਸੰਗਿਕਤਾ

112. ਇਕ ਭਾਸ਼ਾ ਦੀ ਕਿਸਮ ਜੋ ਭਾਸ਼ਾ ਨੂੰ ਬੋਲਣ ਵਾਲਿਆਂ ਦੇ ਇਕ ਖ਼ਾਸ ਸਮੂਹ ਦੀ ਇਕ ਵਿਸ਼ੇਸ਼ਤਾ ਹੁੰਦੀ ਹੈ, ਉਸ ਨੂੰ ਆਖਦੇ ਹਨ

(1) ਉਚਾਰਨ

(2) ਉਪ-ਭਾਸ਼ਾ

(3) ਦਬਾਅ

(4) ਸੁਰ

113. ਕਿਹੜਾ ਮੀਡੀਆ ਸਭ ਤੋਂ ਵੱਧ ਸਿੱਖਿਆ ਦਾ ਤਜ਼ਰਬਾ ਮੁਹੱਈਆ ਕਰਦਾ ਹੈ ?

(1) ਟੈਲੀਵੀਜ਼ਨ, ਰੇਡੀਓ

(2) ਯੋਜਨਾ-ਬੱਧ ਮੀਡੀਆ

(3) ਨਮੂਨੇ ਤੇ ਚਾਰਟ

(4) ਖੇਤਰੀ ਦੌਰੇ

114. ਸਿਨੇਮਾ ਹਾਲ 'ਚ ਕੋਈ ਵਿਅਕਤੀ ਤੁਹਾਡੇ ਪਿੱਛੇ ਬੈਠ ਕੇ ਮੋਬਾਈਲ ਫ਼ੋਨ ਉਪਰ ਗੱਲ ਕਰਨੀ ਸ਼ੁਰੂ ਕਰ ਦਿੰਦਾ ਹੈ । ਤੁਸੀ ਉਸ ਨੂੰ ਗੱਲ ਕਰਨ ਤੋਂ ਰੋਕਣਾ ਚਾਹੁੰਦੇ ਹੋ । ਤੁਸੀਂ ਉਸ ਨੂੰ ਕੀ ਕਹੋਗੇ ?

(1) ਐਨੀ ਉੱਚੀ ਬੋਲਣਾ ਬੰਦ ਕਰੋ ।

(2) ਕਿਰਪਾ ਕਰਕੇ ਥਿਏਟਰ ਅੰਦਰ ਮੋਬਾਈਲ ਫ਼ੋਨ ਦਾ ਇਸਤੇਮਾਲ ਨਾ ਕਰੋ ।

(3) ਕਿਰਪਾ ਕਰਕੇ, ਕੀ ਤੁਸੀਂ ਮੋਬਾਈਲ ਫੋਨ ਬੰਦ ਨਹੀਂ ਕਰ ਸਕਦੇ ?

(4) ਜੇ ਸੰਭਵ ਹੈ ਤਾਂ ਇਥੇ ਮੋਬਾਈਲ ਫੋਨ ਉਪਰ ਗੱਲ ਬਾਤ ਨਾ ਕਰੋ ?

115. ਹੇਠ ਲਿਖਿਆਂ ਵਿਚੋਂ ਪ੍ਰੇਰਣਾਮਈ ਲਿਖਾਈ ਵਿਚ ਸ਼ਾਮਲ ਹੁੰਦਾ ਹੈ

(1) ਕੰਮ ਦਾ ਮੁਲਾਂਕਣ, ਸੰਪਾਦਕ ਨੂੰ ਚਿੱਠੀਆਂ

(2) ਜੀਵਨੀ, ਸਵੈ-ਜੀਵਨੀ

(3) ਇਨਸਾਈਕਲੋਪੀਡੀਆ ਲੇਖ/ਚਿੱਤਰ

(4) ਖ਼ਬਰਾਂ, ਪਾਠ-ਪੁਸਤਕ

Downloaded From: http://ctet.nic.in

Downloaded From: http://ctet.nic.in



116. ਹੇਠ ਲਿਖਿਆਂ ਚੋਂ ਕਿਸ ਦੀ ਮਦਦ ਨਾਲ ਅਧਿਆਪਕ ਬਿਹਤਰ ਢੰਗ ਨਾਲ ਵਿਦਿਆਰਥੀਆਂ 'ਚ ਮੈਟਾਬੌਲਿਕ ਮੁਹਾਰਤ ਵਿਕਸਿਤ ਕਰ ਸਕਦਾ ਹੈ ?

(1) ਪੜ੍ਹਾਈ ਲਈ ਸੇਧ ਵਾਸਤੇ ਵਿਦਿਆਰਥੀਆਂ ਨੂੰ ਪੜ੍ਹਨ ਤੋਂ ਪਹਿਲਾਂ ਦੇ ਕੁੱਝ ਆਲਮੀ ਪ੍ਰਸ਼ਨ ਦੇਣ ਨਾਲ

(2) ਚੋਣਵੀਂ ਪੜ੍ਹਤ ਦੀ ਸਹਾਇਤਾ ਲਈ ਲੋੜੀਂਦੀ ਨਵੀਂ ਸ਼ਬਦਾਵਲੀ ਯਾਦ ਕਰਵਾਉਣ ਨਾਲ

(3) ਪੜ੍ਹਨ ਦੌਰਾਨ ਸਹਾਇਤਾ ਅਤੇ ਨਮੂਨੇ ਦੇ ਸਵੈ-ਪ੍ਰਸ਼ਨ ਪੱਤਰ ਨਾਲ

(4) ਵਿਦਿਆਰਥੀਆਂ ਨੂੰ ਆਪਸ ਵਿਚ ਸੂਝ-ਬੂਝ ਦੇ ਪ੍ਰਸ਼ਨ ਲਿਖਣ ਲਈ ਮੌਕਾ ਮੁਹਈਆ ਕਰਨ ਨਾਲ

117. ਇਕ 'ਸਿਰਲੇਖ ਵਾਕ' (Topic Sentence) ਇਕ ਵਾਕ ਹੈ ਜੋ ਦਰਸਾਉਂਦਾ ਹੈ

(1) ਕਿਸੇ ਲੇਖ ਦਾ ਮੁੱਖ ਵਿਚਾਰ

(2) ਕਿਸੇ ਕਵਿਤਾ ਜਾਂ ਲੇਖ ਦਾ ਸਿਰਲੇਖ

(3) ਕਿਸੇ ਪੈਰੇ ਦਾ ਮੁੱਖ ਵਿਚਾਰ

(4) ਕਿਸੇ ਲੇਖ ਜਾਂ ਦਸਤਾਵੇਜ ਦਾ ਉਪ-ਸਿਰਲੇਖ

118. ਵਿਦਿਆਰਥੀਆਂ ਨੂੰ ਵਿਸ਼ਵ ਨਾਲ ਪਿਆਰ ਕਰਨ, ਇਕ ਅਮਨ ਪੂਰਵਕ ਭਵਿੱਖ ਚਿਤਵਣ, ਵਿਦਿਆਰਥੀਆਂ ਦਾ ਖਿਆਲ ਰੱਖਣ ਅਤੇ ਵਿਦਿਆਰਥੀਆਂ ਨੂੰ ਦੂਜਿਆਂ ਦਾ ਖਿਆਲ ਰੱਖਣ ਲਈ ਉਤਸ਼ਾਹਤ ਕਰਨ ਵਾਲੀ ਸਿੱਖਿਆ ਨੂੰ ________ ਕਹਿੰਦੇ ਹਨ,

(1) ਪੱਤਰਾਚਾਰ

(2) ਅਕਾਦਮਿਕ

(3) ਪੇਸ਼ਾਵਰ

(4) ਕਦਰਾਂ-ਕੀਮਤਾਂ ਆਧਾਰਿਤ

119. ਕਿਸੇ ਪਾਠ ਵਿਚ ਹੋਰਨਾਂ ਸਬਦਾਂ ਤੋਂ ਅਣਪਛਾਤੇ ਸ਼ਬਦਾਂ ਦੇ ਅਰਥ ਦਾ ਅਨੁਮਾਨ ਲਾਉਣ ਦੀ ਮਹਾਰਤ ਨੂੰ ਆਖਦੇ ਹਨ ________

(1) ਸੁਣਨਾ

(2) ਬੋਲਣਾ

(3) ਪੜ੍ਹਨਾ

(4) ਲਿਖਣਾ

120. ਜਦੋਂ ਤੁਸੀਂ ਇਕ ਅਖ਼ਬਾਰ ਵਿਚ ਕਿਸੇ ਇਸ਼ਤਿਹਾਰ ਨੂੰ ਧਿਆਨ ਨਾਲ ਪੜ੍ਹਦੇ ਹੋ ਤਾਂ ਇਸ ਪੜ੍ਹਤ ਨੂੰ ਕਹਿੰਦੇ ਹਨ ________

(1) ਗੰਭੀਰ

(2) ਸਕੈਨਿੰਗ

(3) ਵਿਸਤਾਰ

(4) ਘੋਖ ਕਰਨੀ

Downloaded From: http://ctet.nic.in

Downloaded From: http://ctet.nic.in



ਪਰੀਖਿਆਰਥੀ ਹੇਠ ਲਿਖੇ ਭਾਗ ਦੇ ਪ੍ਰਸ਼ਨਾਂ ਦੇ ਉੱਤਰ ਕੇਵਲ ਤਾਂ ਹੀ ਦੇਵੇ ਜੇਕਰ ਉਸਨੇ **ਭਾਸ਼ਾ – II** ਦਾ ਵਿਕਲਪ **ਪੰਜਾਬੀ** ਚੁਣਿਆ ਹੈ ।

Downloaded From: http://ctet.nic.in

Downloaded From: http://ctet.nic.in



# ਭਾਗ – V

## ਭਾਸ਼ਾ – II

## ਪੰਜਾਬੀ

**ਨਿਰਦੇਸ਼** : ਹੇਠ ਦਿੱਤੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾ (121 ਤੋਂ 129) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਓ :

ਸੰਨ 1921 ਦੇ ਵਿਚ ਭਗਤ ਸਿੰਘ ਨੇ ਨਾ-ਮਿਲਵਰਤਨ ਲਹਿਰ ਵਿਚ ਆਪਣੇ ਸਾਥੀਆਂ ਦੇ ਨਾਲ ਅੰਗਰੇਜ਼ ਸਾਮਰਾਜ ਦੇ ਵਿਰੁੱਧ ਪ੍ਰਚਾਰ ਕੀਤਾ । ਨੈਸ਼ਨਲ ਕਾਲਜ ਲਾਹੋਰ ਵਿਚ ਪੜ੍ਹਦਿਆਂ, ਭਗਤ ਸਿੰਘ ਨੇ ਆਜ਼ਾਦੀ-ਅੰਦੋਲਨਾਂ ਦਾ ਵਿਸਥਾਰ ਨਾਲ ਅਧਿਐਨ ਕੀਤਾ । ਰਾਜਨੀਤੀ ਅਤੇ ਇਤਿਹਾਸ, ਉਸ ਦੇ ਮਨ-ਪਸੰਦ ਮਜ਼ਮੂਨ ਸਨ । ਕਾਲਜ ਵਿਚ ਰਹਿ ਕੇ ਭਗਤ ਸਿੰਘ ਨੇ ਇਤਿਹਾਸਕ ਨਾਟਕਾਂ ਵਿਚ ਵੀ ਹਿੱਸਾ ਲਿਆ । ਸੰਨ 1924 ਵਿਚ ਭਗਤ ਸਿੰਘ ਲਾਹੋਰ ਤੋਂ ਕਾਨਪੁਰ ਪੁੱਜ ਗਿਆ ਅਤੇ ਇਕ ਪ੍ਰੈੱਸ ਵਿਚ ਨੋਕਰੀ ਕਰਨ ਲੱਗ ਪਿਆ, ਜਿਥੇ ਕਿ ਅਕਸਰ ਕ੍ਰਾਂਤੀਕਾਰੀ ਆਉਂਦੇ ਰਹਿੰਦੇ ਸਨ । ਭਗਤ ਸਿੰਘ ਲਾਹੌਰ ਵਿਚ ਆਰੰਭ ਕੀਤੀ ਗਈ ਅੰਗਰੇਜ਼ਾਂ ਵਿਰੋਧੀ ਲੜਾਈ ਨੂੰ ਕਾਇਮ ਰੱਖਣਾ ਚਾਹੁੰਦਾ ਸੀ । ਇਸ ਕਰਕੇ, ਉਹ ਵਾਪਸ ਲਾਹੋਰ ਆ ਗਿਆ ਅਤੇ ਉਸ ਨੇ 'ਨੌਜਵਾਨ ਭਾਰਤ ਸਭਾ' ਦਾ ਗਠਨ ਕੀਤਾ । ਕਾਮਰੇਡ ਰਾਮ ਕ੍ਰਿਸ਼ਨ, ਸਭਾ ਦਾ ਪ੍ਰਧਾਨ ਅਤੇ ਭਗਤ ਸਿੰਘ, ਸਕੱਤਰ ਬਣਿਆ । ਇਸ ਸਭਾ ਨੇ ਵਿਦਿਆਰਥੀਆਂ ਨੂੰ ਇਕੱਤਰ ਕਰਨ ਲਈ ਚੰਗਾ ਕੰਮ ਕੀਤਾ । ਸਰਕਾਰ ਦੇ ਖ਼ੁਫ਼ੀਆ ਵਿਭਾਗ ਨੂੰ ਸਭਾ ਦੀਆਂ ਸਰਗਰਮੀਆਂ ਦਾ ਪਤਾ ਲੱਗ ਗਿਆ ਅਤੇ ਉਸ ਨੇ ਲਾਹੌਰ ਕਾਲਜ ਦੀਆਂ ਇਮਾਰਤਾਂ ਦੀ ਵਰਤੋਂ ਉੱਤੇ ਪਾਬੰਦੀ ਲਗਾ ਦਿੱਤੀ । ਸੰਨ 1928 ਦੇ ਵਿਚ ਭਗਤ ਸਿੰਘ ਦੀ ਮੁਲਾਕਾਤ ਪ੍ਰਸਿੱਧ ਇਨਕਲਾਬੀ ਸ. ਸੋਹਣ ਸਿੰਘ ਜੋਸ਼ ਨਾਲ ਅੰਮ੍ਰਿਤਸਰ ਵਿਖੇ ਹੋਈ । ਉਸ ਸਮੇਂ ਸੋਹਣ ਸਿੰਘ ਜੋਸ਼ ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਦੀ ਯਾਦ ਵਿਚ ਇਕ ਕਾਨਫ਼ਰੰਸ ਕਰਨ ਦੀਆਂ ਤਿਆਰੀਆਂ ਕਰ ਰਹੇ ਸਨ । ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਕਾਨਫ਼ਰੰਸ ਵਿਚ ਪੂਰੇ ਜੋਸ਼ ਨਾਲ ਹਿੱਸਾ ਲਿਆ । ਕਾਨਫ਼ਰੰਸ ਦੇ ਵਿਚ ਕਈ ਫ਼ੈਸਲੇ ਲਏ ਗਏ ਅਤੇ ਇਕ ਨਵੀਂ ਜੱਥੇਬੰਦੀ 'ਨੌਜਵਾਨ ਭਾਰਤ ਸਭਾ, ਪੰਜਾਬ' ਬਣਾਈ ਗਈ । ਕਾਨਫ਼ਰੰਸ ਵਿਚ ਸਾਈਮਨ ਕਮਿਸ਼ਨ, ਕੋਮੀ ਝੰਡਾ, ਬਰਤਾਨਵੀ ਮਾਲ ਦਾ ਬਾਈਕਾਟ, ਛੂਤਛਾਤ ਅਤੇ ਧਰਮ ਬਾਰੇ ਵਿਚਾਰ ਕਰਦੇ ਹੋਇਆਂ, ਕਈ ਮੱਤੇ ਪਾਸ ਕੀਤੇ ਗਏ । ਸਭਾ ਨੇ ਲਾਹੌਰ ਵਿਚ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਅਤੇ ਨਾਲ ਹੀ 'ਹਿੰਦੁਸਤਾਨੀ ਸਮਾਜਵਾਦੀ ਜਮਹੂਰੀਅਤ ਸਭਾ' ਦੇ ਨਾਲ ਮਿਲ ਕੇ, ਕ੍ਰਾਂਤੀਕਾਰੀ ਕੰਮ ਕਰਨੇ ਆਰੰਭ ਕਰ ਦਿੱਤੇ । ਸੰਨ 1928 ਵਿਚ ਫ਼ਿਰੋਜਸ਼ਾਹ ਕੋਟਲਾ ਦਿੱਲੀ ਵਿਚ ਇਕ ਸਮਾਗਮ ਹੋਇਆ, ਜਿਸ ਵਿਚ ਕਾਫੀ ਸਖ਼ਤ ਫ਼ੈਸਲੇ ਕੀਤੇ ਗਏ । ਇਨ੍ਹਾਂ ਵਿਚ ਮੁੱਖ ਤੌਰ 'ਤੇ ਸਮਾਜਵਾਦੀ ਦੇ ਜਮਹੂਰੀ ਫ਼ੌਜ ਦੀ ਸਥਾਪਨਾ, ਸਾਈਮਨ ਕਮਿਸ਼ਨ ਦਾ ਵਿਰੋਧ, ਬੰਬ ਬਣਾਉਣ ਦੇ ਕਾਰਖ਼ਾਨੇ ਲਾਹੌਰ, ਕਲਕੱਤਾ, ਸਹਾਰਨਪੁਰ ਅਤੇ ਆਗਰਾ ਵਿਚ ਲਗਾਉਣ, ਰੇਲਗੱਡੀਆਂ ਉਡਾਉਣ, ਮੁਖ਼ਬਰਾਂ ਦੇ ਕਤਲ ਅਤੇ ਹੋਰ ਕਈ ਫ਼ੈਸਲੇ ਸ਼ਾਮਲ ਸਨ ।

121. ਨੌਜਵਾਨ ਭਾਰਤ ਸਭਾ ਦਾ ਪ੍ਰਧਾਨ ਕੌਣ ਸੀ ?

(1) ਭਗਤ ਸਿੰਘ

(2) ਲਾਲਾ ਲਾਜਪਤ ਰਾਏ

(3) ਕਾਮਰੇਡ ਰਾਮ ਕਿਸ਼ਨ

(4) ਇਨ੍ਹਾਂ 'ਚੋਂ ਕੋਈ ਨਹੀਂ

122. ਭਗਤ ਸਿੰਘ ਨੂੰ ਕਿਹੋ ਜਿਹੇ ਨਾਟਕ ਪਸੰਦ ਸਨ ?

(1) ਰਾਜਨੀਤਕ

(2) ਇਤਿਹਾਸਕ

(3) ਸਭਿਆਚਾਰਕ

(4) ਧਾਰਮਕ

Downloaded From: http://ctet.nic.in

Downloaded From: http://ctet.nic.in



123. 'ਨੌਜਵਾਨ ਭਾਰਤ ਸਭਾ' ਨੇ ਕਿਹੜੀ ਮੁੱਖ ਭੂਮਿਕਾ ਨਿਭਾਈ ?

(1) ਭਗਤ ਸਿੰਘ ਨੂੰ ਵਾਪਸ ਲਾਹੌਰ ਭੇਜਣ ਦੀ

(2) ਕਾਨਪੁਰ ਵਿਚ ਕ੍ਰਾਂਤੀ ਲਿਆਉਣ ਦੀ

(3) ਉਪਰੋਕਤ ਦੋਵੇਂ

(4) ਵਿਦਿਆਰਥੀਆਂ ਨੂੰ ਲਾਮਬੰਦ ਕਰਨ ਦੀ

124. 'ਨੌਜਵਾਨ ਭਾਰਤ ਸਭਾ' ਦੀਆਂ ਕਾਰਵਾਈਆਂ ਦਾ ਕੀ ਅਸਰ ਹੋਇਆ ?

(1) ਲਾਹੌਰ ਦੀਆਂ ਇਮਾਰਤਾਂ ਉਪਰ ਪਾਬੰਦੀ

(2) ਕਾਨਪੁਰ ਦੀ ਪ੍ਰੈਸ ਉਪਰ ਪਾਬੰਦੀ

(3) ਨੈਸ਼ਨਲ ਕਾਲਜ ਲਾਹੌਰ ਬੰਦ ਹੋ ਗਿਆ

(4) ਇਨ੍ਹਾਂ ਵਿਚੋਂ ਕੋਈ ਨਹੀਂ

125. 'ਨੌਜਵਾਨ ਭਾਰਤ ਸਭਾ' ਨੇ ਕਿਹੜੀ ਸੰਸਥਾ ਨਾਲ ਮਿਲ ਕੇ ਆਜ਼ਾਦੀ ਦੀ ਲੜਾਈ ਅੱਗੇ ਬਧਾਈ ?

(1) ਬਰਤਾਨਵੀ ਕਮੇਟੀ

(2) ਹਿੰਦੁਸਤਾਨੀ ਸਮਾਜਵਾਦੀ ਜਮਹੂਰੀਅਤ ਸਭਾ

(3) ਕਾਨਪੁਰ ਦੀ ਪ੍ਰੈਸ

(4) ਅੰਮ੍ਰਿਤਸਰ ਦੀ ਸਭਾ

126. ਪੈਰੇ ਵਿਚ ਵਰਤੇ ਗਏ ਸ਼ਬਦ 'ਇਕੱਤਰ' ਦਾ ਵਿਰੋਧੀ ਸ਼ਬਦ ਦੱਸੋ ?

(1) ਇਕਜੁਟ ਹੋਣਾ

(2) ਬਾਈਕਾਟ ਕਰਨਾ

(3) ਚੜ੍ਹਾਉਣਾ

(4) ਖਿਲਾਰਨਾ

127. ਮੁਖ਼ਬਰਾਂ ਦਾ ਕਤਲ ਕਰਨ ਦਾ ਫ਼ੈਸਲਾ ਕਿੱਥੇ ਲਿਆ ਗਿਆ ?

(1) ਕਾਨਪੁਰ ਵਿਚ

(2) ਲਾਹੌਰ ਵਿਚ

(3) ਫਿਰੋਜ਼ ਸ਼ਾਹ ਕੋਟਲਾ ਦਿੱਲੀ ਵਿਖੇ

(4) ਇਨ੍ਹਾਂ 'ਚੋਂ ਕੋਈ ਨਹੀਂ

128. ਭਗਤ ਸਿੰਘ ਨੂੰ ਆਜਾਦੀ ਦੇ ਸੰਘਰਸ਼ਾਂ ਦੀ ਜਾਣਕਾਰੀ ਕਿੱਥੇ ਹੋਈ ?

(1) ਨੈਸ਼ਨਲ ਕਾਲਜ ਲਾਹੌਰ ਵਿਚ

(2) ਸੋਹਣ ਸਿੰਘ ਜੋਸ਼ ਨਾਲ ਅਮ੍ਰਿਤਸਰ ਵਿਚ

(3) ਕਾਨਪੁਰ ਪਹੁੰਚ ਕੇ

(4) ਸਾਈਮਨ ਕਮਿਸ਼ਨ ਦੇ ਵਿਰੋਧ ਦੌਰਾਨ

129. ਭਗਤ ਸਿੰਘ ਦਾ ਮੁੱਖ ਮਕਸਦ ਕੀ ਸੀ ?

(1) ਲੋਕਾਂ 'ਚ ਅੰਗਰੇਜ਼ਾਂ ਖਿਲਾਫ ਪਚਾਰ ਕਰਨਾ

(2) ਦੇਸ਼ ਨੂੰ ਆਜ਼ਾਦ ਕਰਾਉਣਾ

(3) ਨੌਜੁਆਨਾ ਨੂੰ ਪੜ੍ਹਾਈ ਪ੍ਰਤੀ ਜਾਗਰੂਕ ਕਰਨਾ

(4) ਸਭਾਵਾਂ ਬਣਾਉਣਾ

Downloaded From: http://ctet.nic.in

Downloaded From: http://ctet.nic.in



**ਨਿਰਦੇਸ਼** : ਹੇਠ ਦਿੱਤੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (130-135) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਓ :

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵਿਚ ਅਨੇਕਾਂ ਵਿਦੇਸ਼ੀ ਸੈਲਾਨੀ ਸਾਡੇ ਦੇਸ਼ ਵਿਚ ਆਏ । ਉਨ੍ਹਾਂ ਨੇ ਆਪਣੇ ਸਫ਼ਰਨਾਮਿਆਂ ਵਿਚ ਮਹਾਰਾਜੇ ਦੀ ਭਰਪੂਰ ਸ਼ਲਾਘਾ ਕੀਤੀ ਹੈ । ਮਹਾਰਾਜੇ ਨੂੰ ਮਿਲਣ ਆਇਆ ਹਰ ਵਿਅਕਤੀ, ਉਸ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋਏ ਬਗ਼ੈਰ ਨਹੀਂ ਸੀ ਰਹਿ ਸਕਦਾ । ਅਲੈਗਜ਼ੈਂਡਰ ਬਰਨਜ਼ ਨੇ ਆਪਣੇ ਸਫ਼ਰਨਾਮੇ ਵਿਚ ਲਿਖਿਆ ਹੈ, "ਮੈਂ ਏਸ਼ੀਆ ਦੇ ਕਿਸੇ ਬੰਦੇ ਨੂੰ ਮਿਲ ਕੇ ਕਦੇ ਇਤਨਾ ਪ੍ਰਭਾਵਿਤ ਨਹੀਂ ਹੋਇਆ, ਜਿਤਨਾ ਮਹਾਰਾਜਾ ਰਣਜੀਤ ਸਿੰਘ ਨੂੰ ਮਿਲ ਕੇ ਹੋਇਆ ਹਾਂ । ਬਿਨਾਂ ਕਿਸੇ ਵਿੱਦਿਆ ਅਤੇ ਰਾਜਸੀ ਰਹਿਨੁਮਾ ਦੇ ਉਹ ਅਦਭੁੱਤ ਸ਼ਕਤੀ ਅਤੇ ਉਤਸਾਹ ਨਾਲ ਆਪਣੇ ਰਾਜ ਦੇ ਸਮੁੱਚੇ ਕੰਮ ਨੂੰ ਚਲਾ ਰਿਹਾ ਹੈ ।" ਮਹਾਰਾਜੇ ਦੀ ਅਸੀਮ ਸ਼ਕਤੀ ਬਾਰੇ ਜੀ.ਟੀ. ਵਿਗਨੇ ਲਿਖਦਾ ਹੈ ਕਿ "ਜੇ ਈਸਟ ਇੰਡੀਆ ਕੰਪਨੀ ਨੂੰ ਪੂਰਬ ਵੱਲ ਉਸ ਦੁਆਰਾ ਠੱਲ੍ਹ ਨਾ ਪਾਈ ਹੁੰਦੀ ਤਾਂ ਉਹ ਦਿੱਲੀ ਦੇ ਤਖ਼ਤ 'ਤੇ ਬਿਰਾਜਮਾਨ ਹੋ ਗਿਆ ਹੁੰਦਾ ।" ਮਹਾਰਾਜੇ ਨੇ ਸੰਨ 1799 ਤੋਂ ਲੈ ਕੇ, 1839 ਈ. ਤੱਕ ਰਾਜ ਕੀਤਾ । ਉਸ ਨੇ 1799 ਵਿਚ ਲਾਹੌਰ ਜਿੱਤਿਆ ਸੀ ਅਤੇ 12 ਅਪ੍ਰੈਲ 1801 ਨੂੰ ਮਹਾਰਾਜਗੀ ਦਾ ਪਦ ਧਾਰਣ ਕੀਤਾ ਸੀ । ਉਸ ਦੇ ਚਾਲ੍ਹੀ ਸਾਲਾਂ ਦੇ ਰਾਜ-ਕਾਲ ਵਿਚ ਕਿਸੇ ਇਕ ਵਿਅਕਤੀ ਨੂੰ ਵੀ ਮੌਤ ਦੀ ਸਜ਼ਾ ਨਹੀਂ ਸੀ ਦਿੱਤੀ ਗਈ । ਲੋਕ ਉਸ ਨੂੰ ਦਿਲੋਂ ਪਿਆਰ ਕਰਦੇ ਸਨ ।

ਇਹ ਠੀਕ ਹੈ ਕਿ ਮਹਾਰਾਜਾ ਰਣਜੀਤ ਸਿੰਘ ਸਿੱਖ ਸ਼ਰਧਾ ਵਿਚ ਪਰਪੱਕ, ਨਿੱਤਨੇਮੀ ਅਤੇ ਪੂਰਨ ਗੁਰਸਿੱਖ ਸੀ, ਪਰ ਉਸ ਦੀ ਨਜ਼ਰ ਵਿਚ ਪੰਜਾਬ ਦੇ ਹਿੰਦੂ, ਸਿੱਖ, ਮੁਸਲਮਾਨ ਤੇ ਹੋਰ ਧਰਮਾਂ ਦੇ ਲੋਕ, ਸਭ ਬਰਾਬਰ ਸਨ । ਉਸ ਨੇ ਜਾਤ, ਜਨਮ ਕਰਕੇ ਕਦੇ ਕਿਸੇ ਨਾਲ ਵਿਤਕਰਾ ਨਹੀਂ ਸੀ ਕੀਤਾ । ਉਸ ਦੇ ਦਿਲ ਵਿਚ ਸਭ ਲਈ ਪਿਆਰ ਅਤੇ ਹਮਦਰਦੀ ਸੀ । ਕਹਿਣ ਨੂੰ ਤਾਂ ਪੰਜਾਬ ਦਾ ਰਾਜ 'ਖ਼ਾਲਸਾ ਰਾਜ' ਸੀ, ਪਰ ਅਸਲ ਵਿਚ ਇਹ ਰਾਜ ਸਾਰੇ ਪੰਜਾਬੀਆਂ ਦਾ ਰਾਜ ਸੀ, ਜਿਸ ਵਿਚ ਉਹ ਬਰਾਬਰ ਦੇ ਭਾਈਵਾਲ ਸਨ । ਰਾਜ-ਪ੍ਰਬੰਧ ਨੂੰ ਚਲਾਉਣ ਲਈ ਵਜ਼ੀਰਾਂ ਜਾਂ ਕਰਮਚਾਰੀਆਂ ਦੀ ਚੋਣ ਕਿਸੇ ਜ਼ਾਤ ਜਾਂ ਧਰਮ ਨੂੰ ਮੁੱਖ ਰੱਖ ਕੇ ਨਹੀਂ, ਸਗੋਂ ਕਿਸੇ ਵਿਅਕਤੀ ਦੀ ਯੋਗਤਾ ਨੂੰ ਧਿਆਨ ਵਿਚ ਰੱਖ ਕੇ ਕੀਤੀ ਜਾਂਦੀ ਸੀ । ਮਹਾਰਾਜੇ ਦੇ ਵਜ਼ੀਰ ਸਿੱਖ ਵੀ ਸਨ, ਹਿੰਦੂ ਤੇ ਮੁਸਲਮਾਨ ਵੀ । ਵਿਦੇਸ਼ੀ ਢੰਗ ਦੀ ਫ਼ੌਜ ਨੂੰ ਤਿਆਰ ਕਰਨ ਅਤੇ ਉਸ ਦੀ ਕਮਾਨ ਸੰਭਾਲਣ ਲਈ, ਕਈ ਯੂਰਪੀਨ ਜਰਨੈਲਾਂ ਨੂੰ ਭਰਤੀ ਕੀਤਾ ਸੀ । ਇਨ੍ਹਾਂ ਵਿਚੋਂ ਬਹੁਤੇ ਜਰਨੈਲ ਯੂਰਪ ਦੀਆਂ ਲੜਾਈਆਂ ਵਿਚ ਭਾਗ ਲੈ ਚੁੱਕੇ ਸਨ ।

130. ਉਪਰੋਕਤ ਪੈਰੇ 'ਚੋਂ ਮਹਾਰਾਜਾ ਰਣਜੀਤ ਸਿੰਘ ਦਾ ਕਿਹੋ ਜਿਹਾ ਕਿਰਦਾਰ ਉਭਰਦਾ ਹੈ ?

(1) ਧਰਮ ਨਿਰਪੱਖ ਰਾਜੇ ਵਾਲਾ

(2) ਕੱਟੜਪੁਣੇ ਵਾਲਾ

(3) ਤਾਨਾਸ਼ਾਹ ਵਾਲਾ

(4) ਫਿਰਕੂਪੁਣੇ ਵਾਲਾ

131. ਉਪਰੋਕਤ ਪੈਰੇ ਵਿਚ ਵਰਤੇ ਗਏ ਸ਼ਬਦ 'ਠੱਲ੍ਹ' ਦਾ ਅਰਥ ਦੱਸੋ ।

(1) ਅੱਗੇ ਤੋਰਨਾ

(2) ਢਲਣਾ

(3) ਰੋਕ

(4) ਸਿਰੇ ਲਾਉਣਾ

Downloaded From: http://ctet.nic.in

Downloaded From: http://ctet.nic.in



132. ਮਹਾਰਾਜਾ ਰਣਜੀਤ ਸਿੰਘ ਨੇ ਕਿੰਨਾ ਸਮਾਂ ਰਾਜ ਕੀਤਾ ?

(1) 39 ਸਾਲ

(2) ਤਿੰਨ ਦਹਾਕੇ

(3) 42 ਸਾਲ

(4) ਚਾਰ ਦਹਾਕੇ

133. ਰਾਜਗੱਦੀ ਧਾਰਨ ਕਰਨ ਤੋਂ ਕੁੱਝ ਚਿਰ ਪਹਿਲਾ ਮਹਾਰਾਜਾ ਰਣਜੀਤ ਸਿੰਘ ਨੇ ਕਿਹੜਾ ਇਲਾਕਾ ਜਿੱਤਿਆ ਸੀ ?

(1) ਦਿੱਲੀ

(2) ਯੂਰਪ

(3) ਉਪਰੋਕਤ ਦੋਵੇਂ

(4) ਲਾਹੌਰ

134. ਮਹਾਰਾਜ ਰਣਜੀਤ ਸਿੰਘ ਦੇ ਰਾਜ-ਕਾਲ ਵਿਚ ਕਿਹੜੀ ਸਜ਼ਾ ਦੀ ਮਨਾਹੀ ਸੀ ?

(1) ਉਮਰ ਕੈਦ ਦੀ

(2) ਕੋੜੇ ਮਾਰਨ ਦੀ

(3) ਮੌਤ ਦੀ

(4) ਇਨ੍ਹਾਂ ਵਿਚੋਂ ਕੋਈ ਨਹੀਂ

135. ਮਹਾਰਾਜਾ ਰਣਜੀਤ ਸਿੰਘ ਦੀ ਮਹਾਨਤਾ ਦਾ ਗਿਆਨ ਕਿਥੋਂ ਹੁੰਦਾ ਹੈ ?

(1) ਮਹਾਰਾਜਾ ਰਣਜੀਤ ਸਿੰਘ ਦੀ ਤਾਜਪੋਸ਼ੀ ਤੋਂ

(2) ਅਲੈਗਜ਼ੈਂਡਰ ਬਰਨਜ਼ ਦੇ ਸਫ਼ਰਨਾਮੇ ਤੋਂ

(3) ਦਿੱਲੀ ਦੇ ਤਖ਼ਤ ਉਪਰ ਬਿਰਾਜਮਾਨ ਹੋਣ ਤੋਂ

(4) ਇਨ੍ਹਾਂ ਵਿਚੋਂ ਕੋਈ ਵੀ ਨਹੀਂ

**ਨਿਰਦੇਸ਼** : ਢੁਕਵੇਂ ਵਿਕਲਪਾਂ ਦੀ ਚੋਣ ਕਰੋ (ਪ੍ਰਸ਼ਨ 136 ਤੋਂ 150)

136. ਇਕ ਪ੍ਰਾਇਮਰੀ ਅਧਿਆਪਕ _____ ਨਾਲ ਵਿਦਿਆਰਥੀਆਂ ਦੀ ਸੁਣਨ ਯੋਗਤਾ ਬਿਹਤਰ ਢੰਗ ਨਾਲ ਵਧਾ ਸਕਦਾ ਹੈ

(1) ਰੁਜ਼ਾਨਾ ਇਕੋ ਤੱਤ ਦੇ ਸੁਣਨ ਦੀਆਂ ਵਿਸ਼ੇਸ਼ ਕਾਰਵਾਈਆਂ ਦੇ ਸੰਯੋਗ ਨਾਲ

(2) ਹਰੇਕ ਵਿਦਿਆਰਥੀ ਨੂੰ ਇੱਕਲਿਆਂ-ਇੱਕਲਿਆਂ ਬੋਲੇ ਹੋਏ ਨੂੰ ਦੁਬਾਰਾ ਬੋਲਣ ਲਈ ਕਹਿਣ ਸਮੇਂ ਕਿਤੇ ਕਿਤੇ ਠਹਿਰਾਓ ਦੇਣ ਨਾਲ

(3) ਵਿਦਿਆਰਥੀਆਂ ਦੇ ਬੋਲਣ ਸਮੇਂ ਧਿਆਨ ਪੂਰਵਕ ਸੁਣਨ ਦਾ ਵਿਹਾਰ ਕਰਨ ਨਾਲ

(4) ਵਿਦਿਆਰਥੀਆਂ ਨੂੰ, ਜੋ ਉਹ ਸੁਣ ਰਹੇ ਹਨ, ਬਾਰੇ ਸਖ਼ਤੀ ਨਾਲ ਸੋਚਣ ਲਈ ਬਾਰ-ਬਾਰ ਯਾਦ ਦੁਆਉਣ ਨਾਲ

137. ਇਕ ਅਧਿਆਪਕ ਦੀ ਜਮਾਤ ਵਿਚ ਵੱਖ-ਵੱਖ ਭਾਸ਼ਾਵਾਂ ਦੇ ਪਿਛੋਕੜਾਂ ਵਾਲੇ ਵਿਦਿਆਰਥੀ ਹਨ । ਉਨ੍ਹਾਂ ਦੀ ਵਾਧੂ ਸਹਾਇਤਾ ਕਰਨ ਲਈ ਉਹ ਅਕਸਰ ਸਾਧਾਰਨ ਵਾਕਾਂ ਵਿਚ ਸ਼ਬਦਾਂ ਦੇ ਅੱਖਰਾਂ ਨੂੰ ਜੋੜ ਕੇ ਆਪਣੇ ਵਿਦਿਆਰਥੀਆਂ ਨਾਲ ਗੱਲਬਾਤ ਦੇ ਲਹਿਜ਼ੇ 'ਚ ਸਰੀਰਕ ਮੁਦਰਾਵਾਂ ਜੋੜ ਲੈਂਦਾ ਹੈ । ਉਸ ਦੀ ਪਹੁੰਚ ਹੇਠ ਲਿਖਿਆਂ ਵਿਚੋਂ ਕਿਹੜੀ ਮਹਾਰਤ ਉਪਰ ਕੇਂਦ੍ਰਿਤ ਹੈ ?

(1) ਲੈਅ

(2) ਵਿਹਾਰਕ

(3) ਧੁਨੀਵਿਗਿਆਨਕ ਜਾਗਰੂਕਤਾ

(4) ਵਾਕਬੋਧ

Downloaded From: http://ctet.nic.in

Downloaded From: http://ctet.nic.in



138. ਸਮਝਯੋਗਤਾ ਅਤੇ ਦੂਜਿਆਂ ਨਾਲ ਅਸਰਦਾਰ ਢੰਗ ਨਾਲ ਗੱਲਬਾਤ ਕਰਨ ਵਾਲੀ ______ ਬੁੱਧੀ ਹੁੰਦੀ ਹੈ
(1) ਆਪਸੀ ਸੂਝਬੂਝ
(2) ਭਾਸ਼ਾਈ
(3) ਇੰਟਰਪਰਸਨਲ
(4) ਇੰਟਰਾਪਰਸਨਲ

139. ਇਕ ਅਧਿਆਪਕ ਵਿਦਿਆਰਥੀ ਵਲੋਂ ਇਕ ਗ਼ਲਤ ਜੁਆਬ ਦਾ ਜੁਆਬ ਬਲਪੂਰਵਕ ਹਾਂ ਪੱਖੀ ਦਿੰਦਾ ਹੈ । ਅਧਿਆਪਕ ਆਪਣੀ ਕਿਹੜੀ ਸੂਝਬੂਝ ਦਾ ਪ੍ਰਦਰਸ਼ਨ ਕਰ ਰਿਹਾ ਹੈ ?
(1) ਵਿਦਿਆਰਥੀ ਦੀ ਨਾਂਹ ਪੱਖੀ ਜਜ਼ਬਾਤੀ ਪ੍ਰਤੀਕਿਰਿਆ ਦਾ ਲਾਭ ਲੈਣ ਵਾਲੀ
(2) ਭਾਸ਼ਾਈ ਵਿਕਾਸ ਨੂੰ ਹੋਰ ਅਗੇ ਲਿਜਾਣ ਵਾਲੀ
(3) ਵੱਖੋ-ਵੱਖਰੇ ਸਿੱਖਿਆ ਨੇਮਾਂ ਨੂੰ ਜੋੜਣ ਵਾਲੀ
(4) ਬੌਧਿਕ ਵਿਕਾਸ ਨੂੰ ਅੱਗੇ ਲਿਜਾਣ ਵਾਲੀ

140. ਜੇਕਰ ਸਿੱਖਿਆ ਗ੍ਰਹਿਣ ਕਰਨ ਅਤੇ ਇਸ ਤੋਂ ਫਾਇਦਾ ਉਠਾਉਣ ਵਿਚ ਸਰੀਰਕ ਪ੍ਰੇਸ਼ਾਨੀ, ਸੰਵੇਦਨਸ਼ੀਲਤਾ, ਮਾਨਸਿਕ ਹਾਲਤ, ਜਾਂ ਸਿਖਿਆ ਦੀ ਅਯੋਗਤਾ ਕਾਰਨ ਵਿਦਿਆਰਥੀ ਦੀ ਸਮਰੱਥਾ ਵਿਚ ਰੁਕਾਵਟ ਪੈਦਾ ਹੁੰਦੀ ਹੈ ਤਾ ______ ਵਿਕਲਪ ਹੋਵੇਗਾ
(1) ਉਪਰਾਲਾ ਕਰਨਾ
(2) ਜਮਾਤ ਦਾ ਪ੍ਰਬੰਧ ਕਰਨਾ
(3) ਮਨੁੱਖਤਾ ਅਧਾਰਿਤ ਸਿੱਖਿਆ
(4) ਸਿੱਖਿਆ ਦੀਆਂ ਵਿਸ਼ੇਸ਼ ਲੋੜਾਂ

141. ਆਂਕਲਣ ਦਾ ਪੈਮਾਨਾ ਹੈ
(1) ਮੁਲਾਂਕਣ ਸੇਧਾਂ
(2) ਪ੍ਰਸ਼ਨਾਂ ਦੇ ਆਧਾਰ 'ਤੇ ਅੰਕਾਂ ਦੀ ਵੰਡ
(3) ਇਕ ਵਿਦਿਆਰਥੀ ਦੀ ਯੋਗਤਾ ਦਾ ਆਮ ਪ੍ਰਭਾਵ
(4) ਆਂਕਲਣ ਜੰਤਰ

142. ਅਖੀਰ ਵਿਚ ਇਕੋ ਜਿਹੀ ਅਵਾਜ਼ ਵਾਲੇ ਜੋੜੇ ਦੀ ਪਛਾਣ ਕਰੋ
(1) ਨਿਖੱਟੂ / ਨਿਕੰਮਾ
(2) ਸ਼ਰਮਾਕਲ / ਡਰਾਕਲ
(3) ਹਿੰਦੁਸਤਾਨ / ਧਰਮਸ਼ਾਲ
(4) ਰਾਣੀ / ਜਨਾਨੀ

143. ਰਚਨਾਤਮਿਕਤਾ ਉਹ ਸਿਧਾਂਤ ਹੈ, ਜਿਸ ਰਾਹੀਂ ਵਿਦਿਆਰਥੀ
(1) ਚੀਜ਼ਾਂ ਦੇ ਤਜ਼ਰਬੇ ਤੇ ਉਨ੍ਹਾਂ ਤਜ਼ਰਬਿਆਂ ਦੇ ਪ੍ਰਭਾਵ ਨਾਲ ਆਪਣੀ ਸੂਝ-ਬੂਝ ਅਤੇ ਵਿਸ਼ਵ ਦੇ ਗਿਆਨ ਦਾ ਨਿਰਮਾਣ ਕਰਦੇ ਹਨ ।
(2) ਵੱਖ ਵੱਖ ਬੇਮੇਲ ਨਮੂਨਿਆਂ ਦਾ ਅਧਿਐਨ ਕਰਕੇ ਇਕ ਚੰਗਾ ਤੇ ਸਥਾਪਤ ਸਿੱਟਾ ਕੱਢਦੇ ਹਨ
(3) ਅਧਿਆਪਕ ਦੀ ਮਦਦ ਨਾਲ ਮੀਡੀਆ ਦੀਆਂ ਵੱਖੋ-ਵੱਖਰੀਆਂ ਕਿਸਮਾਂ ਦੀ ਵਰਤੋ ਨਾਲ ਖੋਜ ਕਰਕੇ ਆਪਣੇ ਸਿਧਾਂਤ ਆਪ ਬਣਾਉਂਦੇ ਹਨ
(4) ਤਜ਼ਰਬੇ ਦੇ ਆਧਾਰ 'ਤੇ ਸਿੱਖਿਆ ਦੀਆਂ ਤਕਨੀਕਾਂ ਦਾ ਆਪ ਨਿਰਮਾਣ ਕਰਦੇ ਹਨ

144. ਧੁਨੀਆਂ, ਸ਼ਬਦਾਂ ਦੀਆਂ ਕਿਸਮਾਂ, ਰੂਪ ਵਿਗਿਆਨ ਦੀਆਂ ਵੱਖਰਤਾਵਾਂ ਵਰਗੇ ਸੰਦੇਸ਼ਾਂ ਦੇ ਖਾਸ ਪੱਖਾਂ ਨੂੰ ਮਾਨਤਾ ਦੇਣ ਜਾਂ ਪੱਖ-ਪਾਤ ਕਰਨ ਦੀ ਐਕਟੀਵਿਟੀ ਹੈ ______
(1) ਪੜ੍ਹਨਾ
(2) ਲਿੱਖਣਾ
(3) ਸੁਣਨਾ
(4) ਬੋਲਣਾ

Downloaded From: http://ctet.nic.in

Downloaded From: http://ctet.nic.in



**145.** ਇਕ ਵਿਸ਼ਾ ਕੇਂਦ੍ਰਿਤ ਪਹੁੰਚ ਉਹ ਹੁੰਦੀ ਹੈ, ਜਿਥੇ ਸਿੱਖਿਆ ਤਜ਼ਰਬਿਆਂ ਦਾ ਪ੍ਰਬੰਧ _____ ਦੇ ਆਲੇ ਦੁਆਲੇ ਕੀਤਾ ਜਾਂਦਾ ਹੈ

(1) ਵਿਦਿਆਰਥੀ ਹਿੱਤਾਂ

(2) ਪਾਠ ਵਿਸ਼ਾ

(3) ਅਧਿਆਪਕ ਦੀ ਵਿਸ਼ੇ ਵਾਰੇ ਮੁਹਾਰਤ

(4) ਸਿੱਖਿਆ ਤਕਨਾਲੋਜੀ

**146.** ਪ੍ਰਤਿਭਾਸ਼ਾਲੀ ਉਹ ਹੁੰਦੇ ਹਨ ਜਿਨ੍ਹਾਂ ਦੇ ਬਿਹਤਰੀਨ ਸੰਕੇਤ _____ ਰਾਹੀਂ ਮਿਲਦੇ ਹਨ

(1) ਆਈ ਕਿਊ ਟੈਸਟ

(2) ਈ ਕਿਊ ਟੈਸਟ

(3) ਅਧਿਆਪਿਕਾਂ ਤੇ ਮਾਪਿਆਂ

(4) ਸਕੂਲ ਦੇ ਸਮੁੱਚੇ ਰਿਕਾਰਡ

**147.** ਇਕ ਮਿਡਲ ਸਕੂਲ ਦਾ ਅਧਿਆਪਕ ਰੁਜ਼ਾਨਾ ਇਕ ਭਾਸ਼ਾ ਤੋਂ ਵੱਧ ਲੋੜੀਂਦੇ ਗਿਆਨ ਅਧਾਰਤ ਪੇਸ਼ੇ ਨੂੰ ਉਭਾਰਨ ਲਈ ਬਹੁ-ਕੰਪਨੀ ਸੰਸਥਾਵਾਂ ਬਾਰੇ ਖਬਰਾਂ ਅਤੇ ਰਸਾਲਿਆਂ ਦੇ ਲੇਖ ਸ਼ਾਮਲ ਕਰਦਾ ਹੈ । ਅਜਿਹੀ ਸਾਮਗ੍ਰੀ ਨਾਲ ਵਿਦਿਆਰਥੀਆਂ ਦੀ _____ ਵਿਚ ਮਦਦ ਹੋ ਸਕਦੀ ਹੈ

(1) ਦੁਭਾਸ਼ੀ ਭਾਈਚਾਰਿਆਂ ਅਤੇ ਨੈਟੱਵਰਕਾਂ ਦੀਆਂ ਵੱਖੋ-ਵੱਖਰੀਆਂ ਕਿਸਮਾਂ ਦੀਆਂ ਵਿਸ਼ੇਸ਼ਤਾਵਾਂ ਦੀ ਪਛਾਣ

(2) ਕਿਸੇ ਦੂਜੇ ਦੇਸ਼ ਵਿਚ ਪ੍ਰਵਾਸ ਕਰਨ ਲਈ ਲੋਕਾਂ ਨੂੰ ਮਜਬੂਰ ਕਰਨ ਵਾਲੇ ਹਲਾਤਾਂ ਦੀ ਸਮਝ

(3) ਆਲਮੀ ਸਮਾਜ ਵਿਚ ਦੁਭਾਸ਼ੀਏ ਹੋਣ ਦੇ ਫ਼ਾਇਦਿਆਂ ਦੀ ਪਛਾਣ

(4) ਵੱਡੇ ਹੋਣ 'ਤੇ ਕਿਥੇ ਰਹਿਣਾ ਹੈ ਜਾਂ ਕਿਥੇ ਕੰਮ ਕਰਨਾ ਹੈ ਬਾਰੇ ਫ਼ੈਸਲਾ ਲੈਣ ਲਈ

**148.** ਇਕ ਬੋਲਣ ਤੇ ਸੁਣਨ ਦੀ ਐਕਟੀਵਿਟੀ ਦੇ ਆਂਕਲਣ ਵਿਚ, ਤੁਸੀ ਹੇਠ ਲਿਖੇ ਵਾਰਤਾਲਾਪ ਨੂੰ ਕਿਵੇਂ ਆਂਕੋਗੇ

| | |
|---|---|
| ਅਧਿਆਪਕ | ਦਿੱਲੀ ਵਿਚ ਹਵਾ ਇੰਨੀ ਧੁੰਦਲੀ ਕਿਉਂ ਹੁੰਦੀ ਹੈ ? |
| ਵਿਦਿਆਰਥੀ-1 | ਜ਼ਿਆਦਾਤਰ ਧੂੰਏ ਅਤੇ ਗਰਦ ਕਾਰਨ |
| ਵਿਦਿਆਰਥੀ-2 | ਮੇਰਾ ਵੀ ਇਹੋ ਖ਼ਿਆਲ ਹੈ ਇਹ ਧੁੰਦਲੀ ਵੀ ਹੈ । |

(1) ਵਿਦਿਆਰਥੀ-1 ਗ਼ਲਤ ਜੁਆਬ
ਵਿਦਿਆਰਥੀ-2 ਠੀਕ ਜੁਆਬ

(2) ਵਿਦਿਆਰਥੀ-1 ਠੀਕ ਜੁਆਬ
ਵਿਦਿਆਰਥੀ-2 ਗ਼ਲਤ ਜੁਆਬ

(3) ਵਿਦਿਆਰਥੀ-1 ਗ਼ਲਤ ਜੁਆਬ
ਵਿਦਿਆਰਥੀ-2 ਗ਼ਲਤ ਜੁਆਬ

(4) ਵਿਦਿਆਰਥੀ-1 ਠੀਕ ਜੁਆਬ
ਵਿਦਿਆਰਥੀ-2 ਠੀਕ ਜੁਆਬ

**149.** ਇਕ ਪਾਠ ਵਿਚ ਇਕ ਸ਼ਬਦ ਦੇ ਮਹੱਤਵ (value) ਦਾ ਅਰਥ ਹੈ

(1) ਇਕ ਪ੍ਰਸੰਗ ਵਿਚ ਸ਼ਬਦ ਦੀ ਅਸਿੱਧੀ ਵਰਤੋਂ

(2) ਇਕ ਸ਼ਬਦ ਨੂੰ ਵਰਤਣ ਦੇ ਕਈ ਢੰਗ

(3) ਇਸ ਸ਼ਬਦ ਦਾ ਸ਼ਬਦਕੋਸ਼ੀ ਅਰਥ

(4) ਇਕ ਵਿਸ਼ੇਸ਼ ਪ੍ਰਸੰਗ ਵਿਚ ਸ਼ਬਦ ਦੀ ਅਹਿਮੀਅਤ

**150.** _____ ਭਾਸ਼ਾ ਦਾ ਅਧਿਆਪਣ ਵਿਦਿਆਰਥੀ ਨੂੰ ਪ੍ਰਮਾਣਿਕ ਤੇ ਅਰਥ-ਭਾਰਪੂਰ ਗੱਲਬਾਤ ਵਿਚ ਰੁਝਾਈ ਰੱਖਣ ਉਪਰ ਜ਼ੋਰ ਦਿੰਦਾ ਹੈ ।

(1) ਵਿਆਕਰਨ ਦਾ ਅਨੁਵਾਦ

(2) ਦੁਭਾਸ਼ੀ

(3) ਸੰਚਾਰੀ

(4) ਗ਼ੈਰ ਰਸਮੀ

Downloaded From: http://ctet.nic.in

Downloaded From: http://ctet.nic.in



SPACE FOR ROUGH WORK

Downloaded From: http://ctet.nic.in

Downloaded From: http://ctet.nic.in



SPACE FOR ROUGH WORK

Downloaded From: http://ctet.nic.in

Downloaded From: http://ctet.nic.in



ਹੇਠ ਲਿਖੀਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ :

1. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐਮ.ਆਰ. (OMR) ਉੱਤਰ-ਪੱਤਰ ਦੇ ਪੰਨਾ-2 ਵਿੱਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ ਨੀਲੇ/ਕਾਲੇ ਬਾਲ ਪੁਆਇੰਟ ਪੈੱਨ ਨਾਲ ਭਰੋ। ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆ ਨਹੀਂ ਜਾ ਸਕਦਾ।
2. ਪਰੀਖਿਆਰਥੀ ਇਸ ਗੱਲ ਦਾ ਧਿਆਨ ਦੇਣ ਕਿ ਉੱਤਰ-ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ। ਪਰੀਖਿਆਰਥੀ ਆਪਣਾ ਰੋਲ ਨੰਬਰ ਉੱਤਰ-ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਤੇ ਨਾ ਲਿਖਣ।
3. ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੀ ਵਰਤੋਂ ਧਿਆਨ ਨਾਲ ਕਰੋ, ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ-ਪੁਸਤਿਕਾ ਨਹੀਂ ਦਿੱਤੀ ਜਾਵੇਗੀ।
4. ਪਰੀਖਿਆ-ਪੁਸਤਿਕਾ/ਉੱਤਰ-ਪੱਤਰ ਵਿੱਚ ਦਿੱਤੇ ਗਏ ਪਰੀਖਿਆ-ਪੁਸਤਿਕਾ ਸੰਕੇਤ ਅਤੇ ਨੰਬਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜਰੀ-ਪੱਤਰ ਵਿੱਚ ਲਿਖਣ।
5. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ/ਕਮਰੇ ਵਿੱਚ ਪ੍ਰਵੇਸ਼ ਕਾਰਡ ਤੋਂ ਇਲਾਵਾ ਕਿਸੀ ਪ੍ਰਕਾਰ ਦੀ ਪਾਠ-ਸਮੱਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਗਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮੱਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ।
6. ਨਿਰੀਖਿਅਕ ਦੀ ਮੰਗ 'ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼-ਕਾਰਡ ਜ਼ਰੂਰ ਦਿਖਾਏ।
7. ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੇ।
8. ਨਿਰੀਖਿਅਕ ਨੂੰ ਆਪਣਾ ਉੱਤਰ-ਪੱਤਰ ਦਿੱਤੇ ਬਿਨਾਂ ਅਤੇ ਹਾਜ਼ਰੀ-ਪੱਤਰ ਉੱਤੇ ਦੁਬਾਰਾ ਦਸਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ ਨੂੰ ਨਹੀਂ ਛੱਡਣਗੇ। ਜੇਕਰ ਕਿਸੀ ਪਰੀਖਿਆਰਥੀ ਨੇ ਦੂਜੀ ਬਾਰ ਹਾਜ਼ਰੀ-ਪੱਤਰ ਉੱਤੇ ਦਸਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ ਉੱਤਰ-ਪੱਤਰ ਜਮ੍ਹਾ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ।
9. ਇਲੈਕਟ੍ਰਾਨਿਕ/ਹੱਥ ਨਾਲ ਚੱਲਣ ਵਾਲੇ ਕੈਲਕੂਲੇਟਰ ਦਾ ਇਸਤੇਮਾਲ ਵਰਜਿਤ ਹੈ।
10. ਪਰੀਖਿਆਰਥੀ ਪਰੀਖਿਆ ਹਾਲ ਵਿੱਚ ਬੋਰਡ ਦੇ ਸਾਰੇ ਨਿਯਮਾਂ, ਕਾਨੂੰਨਾ ਦੀ ਪਾਲਨਾ ਕਰੇਗਾ। ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਬੋਰਡ ਦੇ ਨਿਯਮਾਂ ਕਾਨੂੰਨਾਂ ਅਨੁਸਾਰ ਹੋਵੇਗਾ।
11. ਕਿਸੇ ਵੀ ਸਥਿਤੀ ਵਿੱਚ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦਾ ਕੋਈ ਭਾਗ ਅਲਗ ਨਾ ਕਰੋ।
12. **ਪਰੀਖਿਆ ਖ਼ਤਮ ਹੋਣ ਤੇ, ਪਰੀਖਿਆਰਥੀ ਹਾਲ/ਕਮਰਾ ਛੱਡਣ ਤੋਂ ਪਹਿਲਾਂ ਆਪਣਾ ਉੱਤਰ-ਪੱਤਰ ਆਪਣੇ ਕਮਰੇ ਦੇ ਨਿਰੀਖਿਅਕ ਨੂੰ ਸੌਂਪੇਗਾ। *ਪਰੀਖਿਆਰਥੀ ਇਸ ਪਰੀਖਿਆ-ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ।***

Downloaded From: http://ctet.nic.in